**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ ਡਾਕਖਾਣਾ ਖੁੰਭ ਤਹਿਸੀਲ ਅਮਲੋਹ ।
ਫਤਿਹਗੜ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ। ---------ਉੱਤਰਦਾਤਾ

**ਅਪੀਲ ਕੇਸ ਨੰ: 3477/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-06- 2019, **ਲੋਕ ਸੂਚਨਾ ਅਧਿਕਾਰੀ,** ਦਫਤਰ ਐੱਸ.ਡੀ.ਐੱਮ ਬੰਗਾ ਜਿਲਾ ਐੱਸ.ਬੀ.ਐੱਸ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਦਫਤਰ ਸ੍ਰੀਮਤੀ ਦੀਪ ਸ਼ਿਖਾਂ ਸ਼ਰਮਾਂ, ਉੱਪ ਮੰਡਲ ਮੈਜਿਸਟਰਟ, ਬੰਗਾਂ, ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 21-01-2020 ਨੂੰ ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ ਵਲੋਂ ਹਾਜ਼ਰ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਵਲੋਂ ਪਿਛਲੀ ਮਿਤੀ ਤੇ ਕੀਤੇ ਗਏ ਹੁਕੱਮਾਂ ਅਨੁਸਾਰ ਪੇਸੀ ਦੋਰਾਨ ਕਮਿਸ਼ਨ ਸਾਹਮਣੇ ਅਪੀਲਕਰਤਾ ਨੂੰ ਦਸਤੀ ਰੁ: 5000/- ਦਾ ਡਰਾਫਟ ਨੰ: 008643 ਮਿਤੀ 20-1-2020 ਦੇ ਦਿਤਾ ਗਿਆ ਅਤੇ ਡਾ: ਅਜੀਤਪਾਲ ਸਿੰਘ ਤਹਿਸੀਲਦਾਰ,ਬੰਗਾ ਵਲੋਂ ਪੇਸ਼ ਕੀਤੇ ਗਏ ਪੱਤਰ ਮਿਤੀ 20-01-2020 ਅਨੁਸਾਰ ਦਸਿਆ ਗਿਆ ਸੀ ਕਿ ਪੱਤਰ ਮਿਤੀ 15-04-2019 ਵਿਚ ਲਿਖੀ ਗਈ ਸ਼ਬਦਾਵਲੀ ਉਸਤੋਂ ਪੂਰਵਲੇ ਅਧਿਕਾਰੀ ਤਤਕਾਲੀ ਤਹਿਸੀਲਦਾਰ ਬੰਗਾ ਸ੍ਰੀ ਕੰਵਰ ਨਰਿੰਦਰ ਸਿੰਘ ਜੀ ਜ਼ੋ ਇਸ ਸਮੇ ਬਤੌਰ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਤੈਨਾਤ ਹਨ ਵਲੋਂ ਲਿਖੀ ਗਈ ਸੀ। ਉਨ੍ਹਾਂ ਵਲੋਂ ਹੀ ਪੱਤਰ ਮਿਤੀ 4-7-2019 ਰਾਹੀਂ ਪਹਿਲਾਂ ਸੂਚਨਾ ਭੇਜੀ ਜਾ ਚੁੱਕੀ ਹੈ ਜਿਸ ਵਿਚ ਇਹ ਵੀ ਦਸਿਆ ਗਿਆ ਕਿ ਉਹ ਹੀ ਸੂਚਨਾ ਮੁਹੱਈਆ ਕਰਵਾਈ ਜਾਣੀ ਹੈ ਜ਼ੋ ਉਪਲਬਧ ਹੋਵੇ । ਇਸ ਤਰ੍ਹਾਂ ਇਸ ਕੇਸ ਵਿਚ ਪੂਰਵਲੇ ਅਧਿਕਾਰੀ ਸ੍ਰੀ ਕੰਵਰ ਨਰਿੰਦਰ ਸਿੰਘ ਹੀ ਦਸ ਸਕਦੇ ਹਨ ਕਿ ਉਨ੍ਹਾਂ ਵਲੋਂ ਅਜਿਹੇ ਸ਼ਬਦ ਕਿਉਂ ਲਿਖੇ ਗਏ ਸਨ। ਇਸ ਲਈ ਡਾ: ਅਜੀਤਪਾਲ ਸਿੰਘ ਤਹਿਸੀਲਦਾਰ ਬੰਗਾ ਨੂੰ ਪੇਸ਼ੀ ਤੋਂ ਛੋਟ ਦਿੱਤੀ ਗਈ ਸੀ। ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ , ਬੰਗਾ (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ) ਵਲੋਂ ਮੌਕਾ ਵੇਖਿਆ ਗਿਆ ਸੀ ਅਤੇ ਉਕੱਤ ਪੱਤਰ ਮਿਤੀ 15-04-2019 ਰਾਹੀਂ ਰਿਪੋਰਟ ਕੀਤੀ ਗਈ ਸੀ ਦੇ ਰੈਫਰੰਸ ਨਾਲ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਸਪੱਸ਼ਟ ਕਰਨ ਕਿ ਇਹ ਸ਼ਬਦਾਵਲੀ 'ਜਿਸ ਤੋਂ ਜਾਪਦਾ ਹੈ ਕਿ ਉਹ ਆਪਣੀ ਮਰਜੀ ਨਾਲ ਉਕਤ ਡੇਰੇ ਤੇ ਕਾਬਜ਼ ਹੈ' ਕਿਸ ਆਧਾਰ ਤੇ ਲਿਖਿਆ ਗਿਆ ਸੀ ਅਤੇ ਕਮਿਸ਼ਨ ਪਾਸ ਭੇਜੇ ਗਏ ਨੁਮਾਇੰਦੇ ਨੂੰ ਹਦਾਇਤ ਕੀਤੀ ਗਈ ਸੀ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

3. ਅਪੀਲਕਰਤਾ ਵਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ ) ਵਲੋਂ ਵੀ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾਂ ਹੀ ਹਾਜਰ ਨਾ ਹੋਣ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3477/2019**

ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

5. ਉੱਤਰਦਾਤਾ ਦੇ ਨਾਲ ਨਾਲ ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ , ਬੰਗਾ (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ) ਵਲੋਂ ਜਿਸ ਵਲੋਂ ਮੌਕਾ ਵੇਖਿਆ ਗਿਆ ਸੀ ਅਤੇ ਉਕੱਤ ਪੱਤਰ ਮਿਤੀ 15-04-2019 ਰਾਹੀਂ ਰਿਪੋਰਟ ਕੀਤੀ ਗਈ ਸੀ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਸਪੱਸ਼ਟ ਕਰਨ ਕਿ ਇਹ ਸ਼ਬਦਾਵਲੀ '**ਜਿਸ ਤੋਂ ਜਾਪਦਾ ਹੈ ਕਿ ਉਹ ਆਪਣੀ ਮਰਜੀ ਨਾਲ ਉਕਤ ਡੇਰੇ ਤੇ ਕਾਬਜ਼ ਹੈ'** ਕਿਸ ਆਧਾਰ ਤੇ ਲਿਖਿਆ ਗਿਆ ਸੀ ਅਤੇ ਕਮਿਸ਼ਨ ਪਾਸ ਭੇਜੇ ਗਏ ਨੁਮਾਇੰਦੇ ਨੂੰ ਕਿਸ ਆਧਾਰ ਤੇ ਹਦਾਇਤ ਕੀਤੀ ਗਈ ਸੀ ਕਿ ਕੋਈ ਲਿਖਤੀ ਜਵਾਬ ਨਹੀਂ ਦੇਣਾ।ਇਸ ਲਈ ਉਨ੍ਹਾਂ ਨੂੰ ਅੱਜ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਸੀ ਪਰ ਉਹ ਹਾਜ਼ਰ ਨਹੀਂ ਹੋਏ। ਇਸ ਦਾ ਸਖਤ ਨੋਟਿਸ ਲੈਂਦੇ ਹੋਏ, ਸ੍ਰੀ ਕੰਵਰ ਨਰਿੰਦਰ ਸਿੰਘ ਤਹਿਸੀਲਦਾਰ, ਬੰਗਾ, (ਹੁਣ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੇਸ ਨਾਲ ਸਬੰਧਤ ਰਿਕਾਰਡ ਸਹਿਤ ਮਿਤੀ 11-3-2020 ਨੂੰ ਹਰ ਹਾਲਤ ਵਿਚ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ ) ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ. ਨਗਰ, ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੇਸ ਵਿਚ ਸਬਧਤ ਕਰਮਚਾਰੀ ਨੂੰ ਰਿਕਾਰਡ ਸਹਿਤ ਅਗਲੀ ਪੇਸ਼ੀ ਮਿਤੀ 11-3-2020 ਨੂੰ ਹਾਜ਼ਰ ਹੋਣ ਲਈ ਹਦਾਇਤ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 02 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਕਾਪੀ: ਸ੍ਰੀ ਕੰਵਰ ਨਰਿੰਦਰ ਸਿੰਘ ਸਬ ਰਜਿਸਟਰਾਰ ਲੁਧਿਆਣਾ (ਪੱਛਮੀ) ਮਾਰਫਤ ਡਿਪਟੀ ਕਮਿਸ਼ਨਰ, ਲੁਧਿਆਣਾ ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਵਿਨੈ ਗਰਗ 9729640001
ਆਸਾਮ ਟਿੰਬਰ ਇੰਡਸਟਰੀਅਲ ਏਰੀਅ ਰੋਡ ਚੀਕਾ ਮੰਡੀ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੱਧਿਕਾਰੀ,
ਦਫਤਰ ਐਸ.ਐਸ.ਪੀ., ਸੰਗਰੂਰ ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਐਸ.ਪੀ., ਸੰਗਰੂਰ ।

---------ਉੱਤਰਦਾਤਾ

**ਅਪੀਲ ਕੇਸ ਨੰ: 133 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜਾਇਬ ਸਿੰਘ, ਐਸ.ਆਈ. ( 8054545411)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-10-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਐਸ.ਐਸ.ਪੀ., ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਐਫ.ਆਈ.ਆਰ. 0059/2019 498 ਏ ਥਾਨਾ ਖਨੌਰੀ ਸਿਵਾਨੀ ਗੁਪਤਾ ਵਾਸੀ ਖਨੌਰੀ ਵਲੋਂ ਕੀਤੀ ਗਈ ਸ਼ਿਕਾਇਤ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-10-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਕ੍ਰਿਸ਼ਨ ਕੁਮਾਰ,ਵਲੋਂ ਈ.ਮੇਲ. ਮਿਤੀ 2 ਮਾਰਚ, 2020 ਰਾਹੀਂ ਪ੍ਰਾਪਤ ਪੱਤਰ ਨੰ: 123/3 ਮਿਤੀ 02-03-2020 ਪ੍ਰਾਪਤ ਹੋਇਆ, ਜਿਸ ਰਾਹੀਂ ਉਸ ਵਲੋਂ ਦਸਿਆ ਗਿਆ ਕਿ ਅਪੀਲ ਕੇਸ ਨੰ: 133 ਆਫ 2020 ਅਤੇ ਅਪੀਲ ਕੇਸ ਨੰ: 174 ਆਫ 2020 ਵਿਚ ਅਗਲੀ ਤਾਰੀਖ ਦਿਤੀ ਜਾਵੇ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸਨੂੰ ਅੱਜ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜਾਇਬ ਸਿੰਘ, ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 11 ਅਪੀਲ ਆਰ.ਟੀ.ਆਈ. ਮਿਤੀ 29-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 29-2-2020 ਰਾਹੀਂ ਦਸਿਆ ਗਿਆ ਕਿ ਉਕਤ ਮੁਕੱਦਮਾ ਨੰ: 59 ਮਿਤੀ 03-06-2019 ਅ/ਧ 498 ਹਿੰ:ਡ:ਥਾਣਾ ਖਨੌਰੀ ਸਬੰਧੀ ਦਰਖਾਸਤ ਨੰ: 12735 ਪੀ.13020 ਪੀ ਸਾਲ 2019 ਦੀ ਕਾਰਵਾਈ ਮਿਤੀ 13-1-2020 ਨੂੰ ਮੁਕੰਮਲ ਹੋਈ ਸੀ ਅਤੇ ਦਰਖਾਸਤ ਨੰ: 3081 ਪੀ. 6862 ਪੀ ਸਾਲ 2019 ਦੀ ਕਾਰਵਾਈ ਮਿਤੀ 14-2-2020 ਨੂੰ ਮੁਕੰਮਲ ਹੋਈ ਸੀ। ਇਸ ਤੋਂ ਬਾਅਦ ਦਰਖਾਸਤਾਂ ਸਬੰਧੀ ਰਿਕਾਰਡ ਦੀਆਂ ਨਕਲਾਂ ਪ੍ਰਾਰਥੀ ਵਿਨੈ ਗਰਗ ਨੂੰ ਰਜਿਸਟਰਡ ਪੱਤਰ ਰਾਹੀਂ ਭੇਜ਼ ਦਿੱਤੀਆਂ ਗਈਆਂ ਸਨ, ਮੁੱਖ ਅਫਸਰ ਥਾਣਾ ਖਨੌਰੀ ਦੀ ਰਿਪੋਰਟ ਅਨੁਸਾਰ ਮੁ:ਨ: 59/2019 ਅ/ਧ 498 ਹਿੰ:ਡ: ਹੁਣ ਵੀ ਜੇਰੇ ਤਫਤੀਸ਼ ਹੈ। ਇਸ ਲਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਸ ਲਈ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 02 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰੁਲਦੂ ਰਾਮ 9417069007
ਪਿੰਡ ਸਿਬੰਲ ਮਾਜਰਾ ਡਾਕਖਾਨਾ ਨੂਰਪੁਰ ਬੇਦੀ,
ਤਹਿ: ਅੰਨਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਇੰਚਾਰਜ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਿਜ ਸ੍ਰੀ ਅੰਨਦਪੁਰ ਸਾਹਿਬ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਚਾਰਜ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਿਜ,ਸ੍ਰੀ ਅੰਨਦਪੁਰ ਸਾਹਿਬ। ---------ਉੱਤਰਦਾਤਾ

**ਅਪੀਲ ਕੇਸ ਨੰ: 136 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਰੁਲਦੂ ਰਾਮ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਡਾ: ਪਰਮਪ੍ਰੀਤ ਸਿੰਘ,(9888494330) ਅਤੇ ਪ੍ਰੋ: ਗੁਰਪ੍ਰੀਤ ਸਿੰਘ, 8288825192

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 5-8-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਇੰਚਾਰਜ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਿਜ ਸ੍ਰੀ ਅੰਨਦਪੁਰ ਸਾਹਿਬ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਐਮ.ਏ.ਹਿਸਟਰੀ ਸਮੈਸਟਰ 1 (ਪਹਿਲਾ) ਦੇ ਜੁਲਾਈ,2018 ਤੋਂ ਦਸੰਬਰ, 2018 ਦੀ ਅਤੇ 2 (ਦੂਜੇ ) ਸਮੈਸ਼ਟਰ (ਜਨਵਰੀ, 2019 ਤੋਂ ਜੂਨ 2019) ਦੀ ਹਾਜ਼ਰੀ ਰਜਿਸਟਰ/ਹਾਜ਼ਰੀ ਰਿਕਾਰਡ (ਸਾਰੇ ਵਿਸ਼ਿਆਂ ਦੇ ਸਾਰੇ ਸਮੇ ਦੀ) ਅਤੇ ਐਮ.ਏ.ਹਿਸਟਰੀ ਸਮੈਸਟਰ 3 (ਤੀਜੇ) ਸੈਸਨ ਦੀ ਜੁਲਾਈ 2019 ਤੋਂ ਸੁਰੂ ਹੋਇਆ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-11-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਰੁਲਦੂ ਰਾਮ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੁਕੰਮਲ ਸੂਚਨਾ ਨਹੀਂ ਦਿੱਤੀ ਗਈ ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ)ਂ ਡਾ: ਪਰਮਪ੍ਰੀਤ ਸਿੰਘ ਅਤੇ ਪ੍ਰੋ:ਗੁਰਪ੍ਰੀਤ ਸਿੰਘ, ਹਾਜ਼ਰ ਹੋਏ, ਉਨ੍ਹਾਂ ਵਲੋਂ ਪੱਤਰ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਆਪਣੇ ਪੱਤਰ 2019-20/2755 ਮਿਤੀ 10-10-2019 ਰਾਹੀਂ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਪੱਤਰ ਮਿਸਲ ਤੇ ਉਪਲਬਧ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਉਕਤ ਪੱਤਰ ਮਿਤੀ 10-10-2019 ਰਾਹੀਂ ਰਿਕਾਰਡ ਵਿਚ ਉਪਲਬਧ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸਨੂੰ ਪੂਰੇ ਸਮੈਸਟਰਾਂ ਨਾਲ ਸਬੰਧਤ ਸੂਚਨਾ ਨਹੀਂ ਦਿੱਤੀ ਗਈ। ਇਸ ਸਬੰਧੀ ਉੱਤਰਦਾਤਾ ਵਲੋਂ ਦਸਿਆ ਗਿਆ ਕਿ ਜ਼ੋ ਸੂਚਨਾ ਰਿਕਾਰਡ ਵਿਚ ਉਪਲਬਧ ਹੈ ਅਪੀਲਕਰਤਾ ਨੂੰ ਦੇ ਚੁੱਕੇ ਹਾਂ ਬਾਕੀ ਦਾ ਰਿਕਾਰਡ ਜਿਲ੍ਹਾਂ ਰੋਪੜ ਵਿਖੇ 2019 ਵਿਚ ਹੱੜ੍ਹ ਆਉਣ ਕਰਕੇ ਨੱਸ਼ਟ ਹੋ ਗਿਆ ਹੈ, ਇਸ ਲਈ ਇਸ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਵੀ ਰਿਕਾਰਡ ਉਪਲਬਧ ਨਹੀਂ। ਇਸ ਸਬੰਧ ਵਿਚ ਹਾਜ਼ਰ ਨੁਮਾਇੰਦੇ ਡਾ: ਪਰਮਪ੍ਰਤੀ ਸਿੰਘ ਪੀ.ਆਈ.ਓ. ਵਲੋਂ ਇਸ ਸਬੰਧ ਵਿਚ ਸਵੈ ਘੋਸਣਾ ਵੀ ਦਿੱਤਾ ਗਿਆ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ, ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 02 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਜਿੰਦਰ ਕੁਮਾਰ 9888979250
ਵਾਰਡ ਨ: 2 ਸੁਪਰੀਮ ਇੰਨਕਲੇਵ ਨੇੜੇ ਵਿਸ਼ਵਰਕਮਾ ਭਵਨ ਲਿੰਕ ਰੋਡ ਮਾਨਸਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੱਧਿਕਾਰੀ,
ਐਸ.ਐਸ.ਪੀ. ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਆਈ.ਜੀ.ਪੀ. ਬਠਿੰਡਾ ਰੇਂਜ ਬਠਿੰਡਾ। ---------ਉੱਤਰਦਾਤਾ

**ਅਪੀਲ ਕੇਸ ਨੰ: 138 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅੰਗਰੇਜ਼ ਸਿੰਘ,ਏ.ਐਸ.ਆਈ.(9417134212)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-12-2018, **ਲੋਕ ਸੂਚਨਾ ਅਧਿਕਾਰੀ,** ਦਫਤਰ ਐਸ.ਐਸ.ਪੀ. ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਗੁਰਜੰਟ ਸਿੰਘ 691 ਮਾਨਸਾ ਗੰਨਮੈਨ ਸ੍ਰੀ ਤਨਜੀਤ ਸਿੰਘ ਉਪ ਕਪਤਾਨ ਪੁਲਿਸ ਵਿਜੀਲੈਂਸ ਬਿਊਰੋ ਯੁਨਿਟ ਮਾਨਸਾ ਦੀ ਮਿਤੀ 1-4-2016 ਤੋਂ 30-11-2018 ਸਮੇ ਦੋਰਾਨ ਹਾਸਲ ਕੀਤੀ ਤਨਖਾਹ ਦੀ ਤਫਸੀਸ ਅਤੇ ਤਨਖਾਹ ਵਿਚੋਂ ਕੀਤੀਆਂ ਵੱਖ ਵੱਖ ਕਿਸਮ ਦੀਆਂ ਕਟੋਤੀਆਂ ਦੀ ਤਫਸੀਲ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 5-1-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2 ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅੰਗਰੇਜ਼ ਸਿੰਘ,ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋ ਪੱਤਰ ਨੰ: 56/ਆਰ.ਟੀ.ਆਈ. ਮਿਤੀ 29-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਤੋਂ ਇਲਾਵਾ ਪੱਤਰ ਨੰ: 714-15/ਆਰ.ਟੀ.ਆਈ. ਮਿਤੀ 3-2-2020 ਜ਼ੋ ਪਹਿਲੀ ਅਪੀਲੀ ਅਥਾਰਟੀ ਆਈ.ਜੀ.ਪੁਲਿਸ, ਬਠਿੰਡਾ ਵਲੋਂ ਐਸ.ਐਸ.ਪੀ.ਮਾਨਸਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਕਾਪੀ ਕੀਤੀ ਗਈ ਹੈ, ਡਾਕ ਰਾਹੀਂ ਪ੍ਰਾਪਤ ਹੋਇਆ ਸੀ ਵਿਚ ਦਸਿਆ ਗਿਆ ਕਿ ਪਹਿਲੀ ਅਪੀਲ ਦੀ ਸੁਣਵਾਈ ਦੋਰਾਨ ਦਸੇ ਅਨੁਸਾਰ ਪ੍ਰਾਰਥੀ ਨੂੰ ਮੰਗੀ ਗਈ ਸੂਚਨਾ ਪੱਤਰ ਨੰ: 7 ਮਿਤੀ 20-4-2019 ਰਾਹੀਂ ਉਸਦੇ ਪਤੇ ਤੇ ਡਾਕ ਰਾਹੀਂ ਭੇਜ਼ ਦਿੱਤੀ ਗਈ ਸੀ ਕਿ ਉਸਨੂੰ ਤੀਸਰੀ ਧਿਰ ਦੀ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਦੇ ਨਾਲ ਕੇਸ ਦੀ ਪੈਰਵੀ ਲਈ ਹਦਾਇਤ ਕੀਤੀ ਗਈ ਹੈ। ਪੱਤਰ ਮਿਸਲ ਤੇ ਉਪਲਭਧ ਹੈ।

4. ਇਸ ਕੇਸ ਵਿਚ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਪਹਿਲੀ ਅਪੀਲੀ ਅਥਾਰਟੀ ਅਨੁਸਾਰ ਅਪੀਲਕਰਤਾ ਵਲੋਂ ਸ੍ਰੀ ਗੁਰਜੰਟ ਸਿੰਘ ਹੋਲ: ਗੰਨਮੈਨ ਸ੍ਰੀ ਮਨਜੀਤ ਸਿੰਘ ਉਪ ਕਪਤਾਨ ਪੁਲਿਸ ਵਿਜੀਲੈਂਸ ਬਿਊਰੋ ਯੂਨਿਟ ਮਾਨਸਾ ਦੀ ਤਨਖਾਹ ਸਬੰਧੀ ਸੂਚਨਾ ਮੰਗੀ ਗਈ ਹੈ। ਇਹ ਸੂਚਨਾ ਤੀਸਰੀ ਧਿਰ ਨਾਲ ਸਬੰਧਤ ਹੋਣ ਕਾਰਨ ਸਬੰਧਤ ਕਰਮਚਾਰੀ ਸ੍ਰੀ ਗੁਰਜੰਟ ਸਿੰਘ ਪਾਸੋਂ ਪੁੱਛਣ ਤੇ ਉਸ ਵਲੋਂ ਦਿੱਤੀ ਰਿਪੋਰਟ ਕਿ ਉਸਦੀ ਜਾਣਕਾਰੀ ਨਾ ਦਿੱਤੀ ਜਾਵੇ ਦੇ ਆਧਾਰ ਤੇ ਇਹ ਸੂਚਨਾ ਥਰਡ ਪਾਰਟੀ ਨੂੰ ਮੁਹਈਆਂ ਨਾ ਕਰਾਉਣ ਸਬੰਧੀ ਪ੍ਰਾਰਥੀ ਦੇ ਪਤੇ ਪਰ ਉਨ੍ਹਾਂ ਵਲੋਂ ਪੱਤਰ ਨੰ: 1185/ਆਰ.ਟੀ.ਆਈ. ਮਿਤੀ 27-12-2018 ਰਾਹੀਂ ਜਾਣਕਾਰੀ ਭੇਜ਼ ਦਿੱਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ, ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਮਿਤੀ: ਚੰਡੀਗੜ੍ਹ,** 02 **ਮਾਰਚ,** 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਨਲਿਨ ਤਾਈਲ,
ਦੀ ਘਾਟ ਅਰਬਨ ਕੋਉਪਰੇਟਿਵ ਥਰਿਫਟ ਐਂਡ ਕਰੇਡਿਟ ਸੋਸਾਇਟੀ ਲਿਮਟਿਡ
ਐਸ.ਸੀ.ਓ. 1-3, ਸਵਾਮੀ ਵਿਵੇਕਾ ਨੰਦ ਵਰਿਦ ਆਸ਼ਰਮ ਮਾਰਕਿਟ,
ਬੀ ਬਲਾਕ ਮਾਡਲ ਟਾਉਣ ਐਕਸਟੇਸ਼ਨ ਲੁਧਿਆਣਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੀਧਿਕਾਰੀ,
ਅਡੀਸ਼ਨਲ ਚੀਫ ਸੈਕਟਰੀ ਇੰਡਸਟਰੀਜ਼ ਐਂਡ ਕੰਮਰਸ, ਪੰਜਾਬ,ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਅਡੀਸ਼ਨਲ ਚੀਫ ਸੈਕਟਰੀ ਇੰਡਸਟਰੀਜ਼ ਐਂਡ ਕੰਮਰਸ, ਪੰਜਾਬ,ਚੰਡੀਗੜ੍ਹ। ---------ਉੱਤਰਦਾਤਾ

**ਅਪੀਲ ਕੇਸ ਨੰ: 145 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਹੁਲ ਜੈਨ, ਸੀਨੀਅਰ ਸਹਾਇਕ(9815491253)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-8-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਅਡੀਸ਼ਨਲ ਚੀਫ ਸੈਕਟਰੀ ਇੰਡਸਟਰੀਜ਼ ਐਂਡ ਕੰਮਰਸ, ਪੰਜਾਬ,ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਅਡੀਸ਼ਨਲ ਚੀਫ ਸੈਕਟਰੀ ਇੰਡਸਟਰੀਜ਼ ਐਂਡ ਕਮਰਸ ਨੂੰ ਪੱਤਰ ਮਿਤੀ 31-7-2019 ਨੂੰ ਲਿਖੇ ਪੱਤਰ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-10-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 24-2-2020 ਅਤੇ ਮਿਤੀ 27-2-2020 ਪ੍ਰਾਪਤ ਹੋਈ ਜਿਸ ਰਾਹੀਂ ਉਸ ਵਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਕੇਸ ਵਿਡੀਓ ਕਾਨਫਰੰਸ ਰਾਹੀਂ ਸੁਣਿਆ ਜਾਵੇ ਅਤੇ ਉਸਨੂੰ ਸੁਣੇ ਬਿਨਾਂ ਕੋਈ ਫੈਸਲਾ ਨਾ ਕੀਤਾ ਜਾਵੇ। ਈ. ਮੇਲ ਮਿਸਲ ਤੇ ਉਪਲਬਧ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਹੁਲ ਜੈਨ, ਸੀਨੀਅਰ ਸਹਾਇਕ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮੀਮੋ ਨੰ: 08/10/2019-ਏਐਸ3/1624774/1 ਮਿਤੀ 17-2-2020 ਪੇਸ਼ ਕੀਤਾ ਗਿਆ ਜ਼ੋ ਪਹਿਲਾਂ ਡਾਕ ਰਾਹੀਂ ਮਿਤੀ 18-2-2020 ਨੂੰ ਪ੍ਰਾਪਤ ਹੋ ਚੁੱਕਾ ਹੈ। ਪੱਤਰ ਮਿਸਲ ਤੇ ਉਪਲਬਧ ਹੈ।

4. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 7-2-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਕਾਪੀ ਕੀਤੀ ਗਈ ਹੈ, ਰਾਹੀਂ ਦਸਿਆ ਗਿਆ ਹੈ ਕਿ ਇਸ ਮਾਮਲੇ ਸਬੰਧੀ ਅਪੀਲਕਰਤਾ ਨੂੰ ਪੱਤਰ ਮੀਮੋ ਨੰ: 08/10/2019-ਏਐਸ3/1624774/1 ਮਿਤੀ 20-11-2019 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਮੰਗੀ ਗਈ ਸੂਚਨਾ ਦਾ ਸਬੰਧ ਗ੍ਰਹਿ ਅਤੇ ਨਿਆਂ ਵਿਭਾਗ (ਪ੍ਰਹਿ 3 ਸ਼ਾਖਾ ) ਨਾਲ ਹੈ। ਇਸ ਉਪਰੰਤ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਲੋਂ ਇਹ ਅਰਜੀ ਮਿਤੀ 5-11-2019 ਨੂੰ ਅਸੀਸਟੈਟ ਇੰਸਪੈਕਟਰ ਜਨਰਲ ਪੁਲਿਸ, ਮਾਰਫਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਨੂੰ ਭੇਜਦੇ ਹੋਏ ਬਿਨੈਕਾਰ ਨੂੰ ਸੂਚਨਾ ਮੁਹਈਆ ਕਰਵਾਉਣ ਲਈ ਵੀ ਲਿੱਖ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਸਪਸਟ ਕੀਤਾ ਗਿਆ ਕਿ ਦਫਤਰੀ ਰਿਕਾਰਡ ਅਨੁਸਾਰ ਮੰਗੀ ਗਈ ਸੂਚਨਾ ਸਬੰਧੀ ਬਿਨੈਕਾਰ ਦਾ ਪੱਤਰ ਮਿਤੀ 31-7-2019 ਉਨ੍ਹਾਂ ਨੂੰ ਪ੍ਰਾਪਤ ਨਹੀ ਹੋਇਆ।ਇਸ ਤਰ੍ਹਾਂ ਜਿਨ੍ਹਾਂ ਚਿਰ ਗ੍ਰਹਿ ਵਿਭਾਗ ਪਾਸ ਪੱਤਰ ਗਿਆ ਕਿ ਨਹੀਂ ਉਨ੍ਹਾਂ ਨੂੰ ਬੁਲਾਇਆ ਨਹੀਂ ਜਾ ਸਕਦਾ । ਅਪੀਲਕਰਤਾ ਵਲੋਂ ਵੀਡੀਓ ਕਾਨਫਰੰਸ ਦੀ ਮੰਗ ਕੀਤੀ ਗਈ ਹੈ, ਇਹ ਮਾਮਲਾ ਵੀਡੀਓ ਕਾਨਫਰੰਸ ਨਾਲ ਸੁਲਝਣ ਵਾਲਾ ਨਹੀਂ ਇਸ ਲਈ ਉਸਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 02 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਕ੍ਰਿਸਨ ਗਰਗ 9729640001
25 ਏ ਇੰਡਸਟਰੀਅਲ ਏਰੀਅ ਰੋਡ ਚੀਕਾ ਮੰਡੀ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੱਧਿਕਾਰੀ,
ਦਫਤਰ ਐਸ.ਐਸ.ਪੀ., ਸੰਗਰੂਰ ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਐਸ.ਪੀ., ਸੰਗਰੂਰ ।

---------ਉੱਤਰਦਾਤਾ

**<u>ਅਪੀਲ ਕੇਸ ਨੰ: 174 ਆਫ 2020</u>**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜਾਇਬ ਸਿੰਘ, ਐਸ.ਆਈ. ( 8054545411)।

**<u>ਹੁੱਕਮ:</u>**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-09-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਐਸ.ਐਸ.ਪੀ., ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਐਸ.ਪੀ.ਆਫਿਸ ਦੇ ਪੱਤਰ ਨੰ: 3081/ਪੀ ਮਿਤੀ 5-4-2019 ਨੂੰ ਸਿਵਾਨੀ ਗੁਪਤਾ ਵਾਸੀ ਖਨੋਰੀ ਵਲੋਂ ਕੀਤੀ ਗਈ ਸ਼ਿਕਾਇਤ ਅਤੇ ਉਸ ਵਿਚ ਲਗਾਏ ਦੋਸ਼ਾਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-10-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 31-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਕ੍ਰਿਸ਼ਨ ਕੁਮਾਰ,ਵਲੋਂ ਈ.ਮੇਲ. ਮਿਤੀ 2 ਮਾਰਚ, 2020 ਰਾਹੀਂ ਪ੍ਰਾਪਤ ਪੱਤਰ ਨੱ: 123/3 ਮਿਤੀ 02-03-2020 ਪ੍ਰਾਪਤ ਹੋਇਆ, ਜਿਸ ਰਾਹੀਂ ਉਸ ਵਲੋਂ ਦਸਿਆ ਗਿਆ ਕਿ ਅਪੀਲ ਕੇਸ ਨੰ: 133 ਆਫ 2020 ਅਤੇ ਅਪੀਲ ਕੇਸ ਨੰ: 174 ਆਫ 2020 ਵਿਚ ਅਗਲੀ ਤਾਰੀਖ ਦਿਤੀ ਜਾਵੇ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸਨੂੰ ਅੱਜ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਅਜਾਇਬ ਸਿੰਘ, ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 11 ਅਪੀਲ ਆਰ.ਟੀ.ਆਈ. ਮਿਤੀ 29-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 29-2-2020 ਰਾਹੀਂ ਦਸਿਆ ਗਿਆ ਕਿ ਉਕਤ ਮੁਕੱਦਮਾ ਨੰ: 59 ਮਿਤੀ 03-06-2019 ਅ/ਧ 498 ਹਿੰ:ਡ:ਥਾਣਾ ਖਨੋਰੀ ਸਬੰਧੀ ਦਰਖਾਸਤ ਨੰ: 12735 ਪੀ.13020 ਪੀ ਸਾਲ 2019 ਦੀ ਕਾਰਵਾਈ ਮਿਤੀ 13-1-2020 ਨੂੰ ਮੁਕੰਮਲ ਹੋਈ ਸੀ ਅਤੇ ਦਰਖਾਸਤ ਨੰ: 3081 ਪੀ. 6862 ਪੀ ਸਾਲ 2019 ਦੀ ਕਾਰਵਾਈ ਮਿਤੀ 14-2-2020 ਨੂੰ ਮੁਕੰਮਲ ਹੋਈ ਸੀ। ਇਸ ਤੋਂ ਬਾਅਦ ਦਰਖਾਸਤਾਂ ਸਬੰਧੀ ਰਿਕਾਰਡ ਦੀਆਂ ਨਕਲਾਂ ਪ੍ਰਾਰਥੀ ਵਿਨੈ ਗਰਗ ਨੂੰ ਰਜਿਸਟਰਡ ਪੱਤਰ ਰਾਹੀਂ ਭੇਜ਼ ਦਿੱਤੀ ਗਈ ਸਨ, ਮੁੱਖ ਅਫਸਰ ਥਾਣਾ ਖਨੋਰੀ ਦੀ ਰਿਪੋਰਟ ਅਨੁਸਾਰ ਮੁ:ਨ: 59/2019 ਅ/ਧ 498 ਹਿੰ:ਡ: ਹੁਣ ਵੀ ਜੇਰੇ ਤਫਤੀਸ਼ ਹੈ। ਇਸ ਲਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇਸ ਲਈ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਹ **<u>ਅਪੀਲ ਕੇਸ ਦਾਖਲ ਦਫਤਰ</u>** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

**ਮਿਤੀ: ਚੰਡੀਗੜ੍ਹ, 02 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ**

ਸ੍ਰੀ ਗੋਤਮ ਕੁਮਾਰ,
ਮੈਸ: ਆਰ.ਜੀ. ਐਂਡ ਐਗਰੋ ਇੰਡਸਟਰੀਜ਼ ਜੀ.ਟੀ.ਰੋਡ,
ਸਰਹਿੰਦ ਸਾਈਡ ਮੰਡੀ ਗੋਬਿੰਦਗੜ੍ਹ ਜ਼ਿਲਾ ਫਤਿਹਗੜ੍ਹ ਸਾਹਿਬ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀਜ਼, ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀਜ਼, ਪੰਜਾਬ, ਚੰਡੀਗੜ੍ਹ। ---------ਉੱਤਰਦਾਤਾ

**ਅਪੀਲ ਕੇਸ ਨੰ: 176 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਮਲਕੀਅਤ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਬੀਰ ਸਿੰਘ, ਕਲਰਕ (9855074811)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 14-1-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀਜ਼, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਰਜਿਸਟਰਾਰ ਆਫ ਫਰਮਜ਼ ਐਂਡ ਸੁਸਾਇਟੀਜ਼ ਤੋਂ ਆਪਣੀ ਮਿਲ ਆਰ.ਜੀ.ਸਟੀਲ ਐਂਡ ਐਗਰੋ ਇੰਡਸਟਰੀਜ਼ ਦੇ ਪੈਡਿੰਗ ਪਏ ਫਾਰਮ ਏ ਸਬੰਧੀ ਉਨ੍ਹਾਂ ਦੇ ਵਿਭਾਗ ਪਾਸ ਮਿਤੀ 25-1-2018 ਨੂੰ ਦਿਤੀ ਐਪਲੀਕੇਸਨ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-5-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 31-12-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਮਲਕੀਅਤ ਸਿੰਘ ਹਾਜ਼ਰ ਹੋਇਆ, ਉਸ ਵਲੋਂ ਅਥਾਰਟੀ ਲੈਟਰ ਪੇਸ਼ ਕੀਤਾ ਗਿਆ ਜੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਹੀ ਦਸਿਆ ਗਿਆ ਕਿ ਉਨ੍ਹਾਂ ਨੂੰ ਮੰਗੀ ਗਈ ਸੂਚਨਾ ਅਜੇ ਤੱਕ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਬੀਰ ਸਿੰਘ, ਕਲਰਕ ਪੱਤਰ ਨੰ: ਰਫਸ/ਆਰ.ਟੀ.ਆਈ./ਅਪੀਲ/176/2020 ਮਿਤੀ 3-2-2020 ਪੇਸ਼ ਕੀਤਾ ਗਿਆ ਜੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਜਿਸ ਰਾਹੀਂ ਫਾਰਮ ਏ ਦੀ ਕਾਪੀ ਨਥੀ ਕਰਕੇ ਭੇਜੀ ਗਈ ਹੈ। ਪੱਤਰ ਪਹਿਲਾਂ ਹੀ ਡਾਕ ਰਾਹੀਂ ਮਿਤੀ 20-2-2020 ਰਾਹੀਂ ਪ੍ਰਾਪਤ ਹੋ ਚੁੱਕਾ ਹੈ।

4. ਉੱਤਰਦਾਤਾ ਵਲੋਂ ਪੇਸ਼ ਕੀਤੀ ਗਈ ਸੂਚਨਾ ਮੁਕੰਮਲ ਨਹੀਂ ਦਿੱਤੀ ਗਈ । ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਮਿਤੀ 14-1-2019 ਨੂੰ ਆਰ.ਟੀ.ਆਈ. ਤਹਿਤ ਅਰਜੀ ਦਿੱਤੀ ਗਈ ਸੀ ਅਤੇ ਵਿਭਾਗ ਵਲੋਂ ਮਿਤੀ 3-2-2020 ਨੂੰ ਪਹਿਲੀ ਵਾਰ ਉੱਤਰ ਦਿੱਤਾ ਜਾ ਰਿਹਾ ਹੈ ਜੋ ਕਿ ਕਾਫੀ ਲੇਟ ਸੂਚਨਾ ਦਿੱਤੀ ਜਾ ਰਹੀ ਹੈ। ਇਹ ਸੂਚਨਾ ਵੀ ਅਧੂਰੀ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 02 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਵਨ ਕੁਮਾਰ ਸ਼ਰਮਾ 9463950619
ਕੋਠੀ ਨੰ 585 ਫੇਸ 2 ਮੁਹਾਲੀ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,ਦਫਤਰ ਜਿਲਾ ਮੈਨੇਜਰ ,
ਜਿਲਾ ਇੰਡਸਟਰੀਜ ਸੈਂਟਰ ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ। ----ਉੱਤਰਦਾਤਾ

**ਅਪੀਲ ਕੇਸ ਨੰ: 3469/2019**

**ਹਾਜ਼ਰ:-**

1) ਅਪੀਲਕਰਤਾ ਪਵਨ ਕੁਮਾਰ ਸ਼ਰਮਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-02-2019, **ਲੋਕ ਸੂਚਨਾ ਅਧਿਕਾਰੀ,** ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੀ.ਆਈ.ਸੀ. ਮੁਹਾਲੀ ਤੋਂ ਮਿਤੀ 01-01-2015 ਤੋਂ 31-01-2019 ਤੱਕ ਪੀ.ਆਈ.ਸੀ. ਬਿਲਡਿੰਗ ਮੁਹਾਲੀ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 19-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 4-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 23-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਇਸ ਉਪਰੰਤ ਨਿਸਚਿਤ ਮਿਤੀਆਂ ਤੇ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 20-01-2020 ਨੂੰ ਅਪੀਲਕਰਤਾ ਸ੍ਰੀ ਪਵਨ ਕੁਮਾਰ ਸ਼ਰਮਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਪ੍ਰੇਮ ਲਤਾ, ਸੁਪਰਡੰਟ ਅਤੇ ਸ੍ਰੀ ਜਗਜੀਤ ਸਿੰਘ ਜੇ.ਟੀ.ਏ. ਵਲੋਂ ਪੱਤਰ ਪਿੱਠ ਅੰਕਣ ਨੰ: 148 ਮਿਤੀ 17-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਮਿਤੀ 17-01-2020 ਵਿਚ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: 987 ਮਿਤੀ 16-04-2019 ਰਾਹੀਂ ਨੁਕਤਾਵਾਰ ਸੂਚਨਾ ਮੁੱਹਈਆ ਕਰਵਾ ਦਿੱਤੀ ਗਈ, ਲੜੀ ਨੰ: 1 ਅਤੇ 2 ਸਬੰਧੀ ਜਿਹੜੀ ਸੂਚਨਾ ਉਪਲਭਧ ਨਹੀਂ ਸੀ ਅਤੇ ਦੂਜੇ ਵਿਭਾਗ (ਕਾਰਜਕਾਰੀ ਇੰਨਜੀਨੀਅਰ (ਪੀ.ਡਵਲਿਊ.ਡੀ.) ਐਸ.ਏ.ਐਸ.ਨਗਰ ਮੋਹਾਲੀ) ਨਾਲ ਸਬੰਧਤ ਹੈ ਉਨ੍ਹਾਂ ਨੂੰ ਪੱਤਰ ਮਿਤੀ 24-04-2019 ਰਾਹੀਂ ਸੂਚਨਾ ਮੁਹੱਈਆ ਕਰਾਉਣ ਲਈ ਲਿੱਖ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਅਪੀਲਕਰਤਾ ਦਾ ਪੱਤਰ ਜ਼ੋ ਉਨ੍ਹਾਂ ਦੇ ਦਫਤਰ ਦੇ ਰਸੀਦ ਨੰ: 1500 ਮਿਤੀ 21-11-2019 ਨੂੰ ਪ੍ਰਾਪਤ ਹੋਇਆ ਸੀ ਦੇ ਸਬੰਧ ਵਿਚ ਵੀ ਆਪਣੇ ਪੱਤਰ ਨੰ: 116 ਮਿਤੀ 13-01-2020 ਰਾਹੀਂ ਅਪੀਲਕਰਤਾ ਨੂੰ ਮੁਕੰਮਲ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਸੀ। ਜਿਸਦੀ ਪੁਸਟੀ ਅਪੀਲਕਰਤਾ ਵਲੋਂ ਵੀ ਕੀਤੀ ਗਈ ਕਿ ਉੱਤਰਦਾਤਾ ਦੇ ਦਫਤਰ ਨਾਲ ਸਬੰਧਤ ਸੂਚਨਾ ਪ੍ਰਾਪਤ ਹੋ ਗਈ ਹੈ। ਇਸ ਲਈ ਉਨ੍ਹਾਂ ਨੂੰ ਅਗਲੀ ਪੇਸ਼ੀ ਤੇ ਹਾਜ਼ਰੀ ਤੋਂ ਛੋਟ ਦਿੱਤੀ ਜਾਂਦੀ ਹੈ। ਪਰ ਪੀ.ਡਵਲਿਊ ਡੀ. ਵਿਭਾਗ ਵਲੋਂ ਅੱਜੇ ਤੱਕ ਮੰਗੀ ਗਈ ਸੂਚਨਾ ਉਪਲਭਧ ਨਹੀਂ ਕਰਵਾਈ ਗਈ। ਇਸ ਲਈ ਕਮਿਸ਼ਨ ਵਲੋਂ ਹਦਾਇਤ ਕੀਤੀ ਗਈ ਕਿ ਪੀ.ਡਵਲਿਊ.ਡੀ. ਵਿਭਾਗ ਪੰਜਾਬ ਨੂੰ ਰਿਮਾਇੰਡਰ ਲਾ ਕੇ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਲਿਖਿਆ ਜਾਵੇ। ਕਾਰਜਕਾਰੀ ਇੰਨਜੀਨੀਅਰ (ਪੀ.ਡਵਲਿਊ.ਡੀ.) ਐਸ.ਏ.ਐਸ.ਨਗਰ ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਰਤੋ ਜੀ-----ਚਲਦਾ ਪੰਨਾ/2





ਨਾਲ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਪਵਨ ਕੁਮਾਰ ਸ਼ਰਮਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਵਲੋਂ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਸੀ ਬਾਕੀ ਦੀ ਰਹਿੰਦੀ ਸੂਚਨਾ ਦਾ ਸਬੰਧ ਉਨ੍ਹਾਂ ਦੇ ਕਥਨ ਅਨੁਸਾਰ ਪੀ.ਡਵਲਿਯੂ ਡੀ. ਵਿਭਾਗ ਨਾਲ ਹੈ।

4. ਉੱਤਰਦਾਤਾ ਵਲੋ ਕੋਈ ਹਾਜ਼ਰ ਨਹੀਂ ਹੋਇਆ, ਕਿਉਂਜੋ ਲੋਕ ਸੂਚਨਾ ਅਧਿਕਾਰੀ,ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਨੂੰ ਹਾਜ਼ਰੀ ਤੋਂ ਛੋਟ ਦਿੱਤੀ ਗਈ ਸੀ ਅਤੇ ਨਾਲ ਹੀ ਹਦਾਇਤ ਕੀਤੀ ਗਈ ਸੀ ਕਿ ਪੀ.ਡਵਲਿਊ.ਡੀ. ਵਿਭਾਗ ਪੰਜਾਬ ਨੂੰ ਰਿਮਾਇੰਡਰ ਲਾ ਕੇ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਲਿਖਿਆ ਜਾਵੇ। ਉੱਤਰਦਾਤਾ ਵਲੋਂ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੱਤਰ ਨੰ: ਜਿਉਕੇ/ਐਸ.ਏ.ਐਸ.ਐਨ/232 ਮਿਤੀ 24-1-2020 ਰਾਹੀਂ ਕਾਰਜਕਾਰੀ ਇੰਜੀਨੀਅਰ, ਪੀ.ਡਬਲਿਊ ਡੀ) ਸਾਹਿਬਜਾਦਾ ਅਜੀਤ ਸਿੰਘ ਨਗਰ, ਨੂੰ ਸੂਚਨਾ ਮੁਹੱਈਆਂ ਕਰਾਉਣ ਲਈ ਰਿਮਾਇਡਰ ਭੇਜਦੇ ਹੋਏ ਕਮਿਸ਼ਨ ਨੂੰ ਕਾਪੀ ਭੇਜੀ ਗਈ ਹੈ। ਇਸ ਤਰ੍ਹਾਂ ਇਸ ਕੇਸ ਵਿਚ ਲੋਕ ਸੂਚਨਾ ਅਧਿਕਾਰੀ,ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ ਵਲੋਂ ਉਨ੍ਹਾਂ ਦੇ ਦਫਤਰ ਵਿਚ ਉਪਲਭਧ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ ਕਾਰਜਕਾਰੀ ਇੰਜੀਨੀਅਰ, ਪੀ.ਡਬਲਿਊ ਡੀ) ਸਾਹਿਬਜਾਦਾ ਅਜੀਤ ਸਿੰਘ ਨਗਰ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਭੇਜਣ ਲਈ ਰਿਮਾਂਇਡਰ ਦੇ ਦਿੱਤਾ ਗਿਆ ਹੈ।ਇਸ ਲਈ ਕਾਰਜਕਾਰੀ ਇੰਜੀਨੀਅਰ, ਪ੍ਰੋਵੀਜ਼ਨਲ ਡਵਿਜ਼ਨ ਪੀ.ਡਬਲਿਊ ਡੀ. ਬੀ.ਐਂਡ ਆਰ.) ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇ ਅਤੇ ਕਮਿਸ਼ਨ ਨੂੰ ਸੁਚਿਤ ਕੀਤਾ ਜਾਵੇ। ਇਸ ਤਰ੍ਹਾਂ ਲੋਕ ਸੂਚਨਾ ਅਧਿਕਾਰੀ ਦੇ ਵਿਭਾਗ ਨਾਲ ਸਬੰਧ ਸੂਚਨਾ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦੇ ਦਿੱਤੀ ਗਈ ਹੈ,ਜਿਸ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਮਿਤੀ: ਚੰਡੀਗੜ੍ਹ,** 02 **ਮਾਰਚ,** 2020.

**ਕਾਪੀ: ਕਾਰਜਕਾਰੀ ਇੰਜੀਨੀਅਰ, ਪ੍ਰੋਵੀਜ਼ਨਲ ਡਵਿਜ਼ਨ ਪੀ.ਡਬਲਿਊ ਡੀ. ਬੀ.ਐਂਡ ਆਰ.)**
**ਇੰਡਸਟਰੀਅਲ ਏਰੀਆ ਫੇਜ਼** 1, **ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਲੋੜੀਂਦੀ ਕਾਰਵਾਈ ਹਿੱਤ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਜ ਅਹੂਜਾ ਪੁੱਤਰ ਭਗਵਾਨ ਚੰਦ
ਪਿੰਡ ਗ੍ਰਾਮ ਪੰਚਾਇਤ ਨਿਊਲਾ, ਤਹਿਸੀਲ ਤੇ ਜਿਲਾ, ਫਿਰੋਜ਼ਪੁਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ।
ਪਹਿਲੀ ਅਪੀਲੀ ਅਥਾਰਟੀ
ਦਫਤਰ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ। -------ਉੱਤਰਦਾਤਾ

**ਅਪੀਲ ਕੇਸ ਨੰ: 3210 ਆਫ 2017**

**ਹਾਜ਼ਰ:**

1. ਅਪੀਲਕਰਤਾ ਸ੍ਰੀ ਰਾਜ ਅਹੂਜਾ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-12-2015 , ਲੋਕ ਸੂਚਨਾ ਅਧਿਕਾਰੀ ਦਫਤਰ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪਿੰਡ ਨਿਉਲਾ ਵਿਚ ਜਿਨਾਂ ਵਿਅਕਤੀਆਂ ਨੂੰ ਬੁਢਾਪਾ, ਅੰਗਹੀਨ ਅਤੇ ਵਿਧਵਾ ਪੈਨਸ਼ਨ ਮਿਲ ਰਹੀ ਹੈ ਉਸ ਸਬੰਧੀ 2008 ਤੋ ਅਰਜੀ ਦੀ ਮਿਤੀ ਤੱਕ ਵੇਰਵੇ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-02-2016 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 09-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 09-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 27-1-2020 ਨੂੰ ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ ਹੈ। ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਅਪੀਲਕਰਤਾ ਵਲੋਂ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-12-2015 , ਲੋਕ ਸੂਚਨਾ ਅਧਿਕਾਰੀ ਦਫਤਰ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਨੂੰ ਦਿਤੀ ਗਈ ਸੀ। ਸੂਚਨਾ ਨਾ ਮਿਲਣ ਤੇ ਉਸ ਵਲੋਂ ਮਿਤੀ 10-2-2016 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ।ਇਸ ਉਪਰੰਤ ਮਿਤੀ 9-11-2017 ਨੂੰ ਅਪੀਲਕਰਤਾ ਵਲੋਂ ਕਮਿਸ਼ਨ ਪਾਸ ਦੂਜੀ ਅਪੀਲ ਦਾਇਰ ਕੀਤੀ ਗਈ ਸੀ ਜਿਸ ਵਿਚ ਪੂਰਵਲੇ ਕਮਿਸ਼ਨਰ, ਪ੍ਰੋ: ਵਿਨੈ ਕਪੂਰ ਮਹਿਰਾ ਜੀ ਵਲੋਂ ਮਿਤੀ 20-02-2018 ਨੂੰ ਨੋਟਿਸ ਜ਼ਾਰੀ ਕਰਦੇ ਹੋਇਆ ਦਸਿਆ ਗਿਆ ਕਿ ਕਮਿਸ਼ਨ ਵਲੋਂ ਵਾਰ ਵਾਰ ਹਦਾਇਤ ਕਰਨ ਤੇ ਵੀ ਲੋਕ ਸੂਚਨਾ ਅਫਸਰ ਦਫਤਰ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਇਸ ਕੇਸ ਵਿਚ ਹਾਜ਼ਰ ਨਹੀਂ ਹੋ ਰਿਹਾ ਇਸ ਲਈ ਜਮਾਨਤੀ ਵਾਰੰਟ ਜ਼ਾਰੀ ਕੀਤੇ ਜਾਣ ਅਤੇ ਕੇਸ ਅਗਲੀ ਸੁਣਵਾਈ ਮਿਤੀ 27-03-2018 ਨੂੰ ਸਵੇਰੇ 12:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਇਸ ਕੇਸ ਵਿਚ ਸਾਲ 2018 ਤੋਂ ਹੁੱਣ ਤਕ ਨਿਸਚਿਤ ਮਿਤੀਆਂ ਨੂੰ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਸੂਚਨਾ ਮੁਹੱਈਆ ਕਰਵਾਈ ਗਈ। ਇਸ ਉਪਰੰਤ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਵੀ ਆਪਣੇ ਹੁਕੱਮ ਮਿਤੀ 30-10-2019 ਰਾਹੀਂ ਇਸ ਕੇਸ ਵਿਚ ਪੀ.ਆਈ.ਓ. ਵਲੋਂ ਸੂਚਨਾ ਨਾ ਦੇਣ ਅਤੇ ਅਪੀਲਕਰਤਾ ਨੂੰ ਪ੍ਰੇਸ਼ਾਨੀ ਕਾਰਨ ਜੁਰਮਾਨਾ ਅਤੇ ਹਰਜਾਨਾ ਪਾਇਆ ਗਿਆ ਸੀ। ਜਿਸ ਉਪਰੰਤ ਇਹ ਕੇਸ ਇਸ ਕਮਿਸ਼ਨ ਨੂੰ ਟਰਾਂਸਫਰ ਹੋ ਜਾਣ ਤੇ ਨੋਟਿਸ ਜ਼ਾਰੀ ਕਰਕੇ ਇਹ ਕੇਸ ਮਿਤੀ 27-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਜਿਲਾ ਸਮਾਜਿਕ ਸੁਰਖਿਆ ਅਫਸਰ, ਫਿਰੋਜ਼ਪੁਰ ਵਲੌਂ ਪੱਤਰ ਨੰ: ਮਸ.ਸ.ਅ/2020/1143 ਮਿਤੀ 18-2-2020 ਪ੍ਰਾਪਤ ਹੋਇਆ ਜਿਸ ਰਾਹੀਂ ਜਿਲਾ ਸਮਾਜਿਕ ਸੁਰਖਿਆ ਅਫਸਰ, ਫਾਜਿਲਕਾ ਨੂੰ ਇਸ ਕੇਸ ਦੀ ਪੈਰਵੀ ਕਰਨ ਲਈ ਲਿਖਿਆ ਗਿਆ।ਪਰ ਉੱਤਰਦਾਤਾ ਵਲੋ ਅੱਜ ਮਿਤੀ 2-3-2020 ਨੂੰ ਪੇਸ਼ੀ ਤੇ ਕੋਈ ਹਾਜ਼ਰ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ। ਇਸ ਤਰ੍ਹਾਂ ਸਪਸੱਟ ਹੈ ਕਿ ਉੱਤਰਦਾਤਾ ਵਲੋਂ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਅਤੇ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3210 **ਆਫ** 2017

ਵਾਰ ਵਾਰ ਗੈਰਜਿਮੇਵਾਰੀ ਅਤੇ ਲਾਪ੍ਰਵਾਹੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਜਿਸਦਾ ਕਮਿਸ਼ਨ ਵਲੋਂ ਸਖ਼ਤ ਨੋਟਿਸ ਲਿਆ ਗਿਆ ਹੈ।

5. ਉਕਤ ਸਥਿਤੀ ਦੇ ਸਨਮੁੱਖ ਡਾਇਰੈਕਟਰ, ਸੋਸਲ ਵੈਲਫੇਅਰ ਵਿਭਾਗ, ਪੰਜਾਬ ਨੂੰ ਹਦਾਇਤ ਕੀਤੀ ਗਈ ਸੀ ਕਿ ਸ੍ਰੀ ਕਵਲਜੀਤ ਸਿੰਘ ਗਰੇਵਾਲ, ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਦੇ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕਰਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਉਸਨੂੰ ਹਦਾਇਤ ਕੀਤੀ ਜਾਵੇ ਕਿ ਅਪੀਲਕਰਤਾ ਵਲੋਂ ਮੰਗੀ ਗਈ ਸਮੂਚੀ ਜਾਣਕਾਰੀ ਸਮੇਤ ਪੇਸ਼ੀ ਦੀ ਅਗਲੀ ਮਿਤੀ ਤੇ ਆਪਣੀ ਹਾਜ਼ਰੀ ਕਮਿਸ਼ਨ ਵਿਚ ਯਕੀਨੀ ਬਣਾਈ ਜਾਵੇ।ਇਸ ਤੋਂ ਇਲਾਵਾ ਡਾਇਰੈਕਟਰ, ਸੋਸਲ ਵੈਲਫੇਅਰ ਵਿਭਾਗ, ਪੰਜਾਬ ਦੇ ਸਬੰਧਤ ਡਿਪਟੀ ਡਾਇਰੈਕਟਰ ਕਮ ਪੀ.ਆਈ.ਓ. ਨੂੰ ਟੈਲੀਫੋਨ ਰਾਹੀਂ ਮੈਸਿਜ਼ ਵੀ ਦਿੱਤਾ ਗਿਆ ਸੀ ਕਿ ਆਪ ਦੇ ਵਿਭਾਗ ਦੇ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਵਲੋਂ ਇਸ ਕੇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਅਤੇ ਨਾ ਹੀ ਉਹ ਇਸ ਕੇਸ ਵਿਚ ਹਾਜਰ ਹੋ ਰਿਹਾ ਹੈ। ਸਬੰਧਤ ਅਧਿਕਾਰੀ ਵਲੋਂ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਵਲੋਂ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਨੂੰ ਮੁੜ ਹਦਾਇਤ ਕਰ ਦਿੱਤੀ ਜਾਵੇਗੀ ਕਿ ਉਹ ਪੇਸ਼ੀ ਤੇ ਹਾਜ਼ਰ ਹੋ ਕੇ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾਏਗਾ। ਇਸ ਉਪਰੰਤ ਨਾ ਤਾਂ ਉਨ੍ਹਾਂ ਵਲੋਂ ਕੋਈ ਕੰਪਲਾਇੰਸ ਰਿਪੋਰਟ ਭੇਜੀ ਗਈ ਅਤੇ ਨਾ ਹੀ ਸਬੰਧਤ ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਪੇਸ਼ੀ ਤੇ ਹਾਜ਼ਰ ਹੋਇਆ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।ਇਸ ਕੇਸ ਦੇ ਨਿਪਟਾਰੇ ਹਿੱਤ ਸ੍ਰੀ ਕਵਲਜੀਤ ਸਿੰਘ ਗਰੇਵਾਲ, ਜਿਲਾ ਸ਼ੋਸਲ ਵੈਲਫਿਅਰ ਅਫਸਰ, ਫਾਜਿਲਕਾ ਨੂੰ ਹਾਜ਼ਰ ਕਰਾਉਣਾ ਲਾਜ਼ਮੀ ਹੈ। ਇਹ **ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 23-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**ਇਸ ਲਈ ਸੂਚਨਾ ਦਾ ਅਧਿਕਾਰ ਐਕਟ 2005 ਦੀ ਧਾਰਾ 18 ਤਹਿਤ ਦੇ ਜਮਾਨਤੀ ਵਾਰੰਟ (Warrant) ਜਾਰੀ ਕਰਦੇ ਹੋਏ ਸੀਨੀਅਰ ਕਪਤਾਨ ਪੁਲਿਸ, ਫਾਜਿਲਕਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਅਧਿਕਾਰੀ ਨੂੰ ਮਿਤੀ 23-03-2020 ਨੂੰ ਸਵੇਰੇ 11:30 ਵਜੇ ਨਿਮਨ-ਹਾਸਤਾਖਰਤ ਦੀ ਅਦਾਲਤ ਵਿਖੇ ਪੇਸ਼ ਕੀਤਾ ਜਾਵੇ।**

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 02 ਮਾਰਚ, 2020

ਕਾਪੀ: 1. ਡਾਇਰੈਕਟਰ ਸੋਸਲ ਵੈਲਫੇਅਰ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਨਿਸਚਿਤ ਮਿਤੀ ਨੂੰਹਾਜ਼ਰ ਹੋ ਕੇ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਨਾ ਕਰਨ /ਕਰਵਾਉਣ ਸਬੰਧੀ ਆਪਣਾ ਪੱਖ ਪੇਸ਼ ਕੀਤਾ ਜਾਵੇ।

2. ਐਸ.ਐਸ.ਪੀ., ਫਾਜਿਲਕਾ ਲੋੜੀਂਦੀ ਕਾਰਵਾਈ ਹਿੱਤ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

REGISTERED **BAILABLE WARRANT OF PRODUCTION**

BEFORE SH. NIDHARAK SINGH BRAR, STATE INFORMATION COMMISSIONER, PUNJAB
Red Cross Bhawan, Madhya Marg, Sector-16,Chandigarh.

In case of Shri Raj Ahuja S/o sh. Bhagwa Chand, V/s Sh. Kawaljeet Singh Grewal, Public Information Officer-Cum- district Social Welfare Officer, Fazilka.

Appeal Case No. 3210 of 2017

**UNDER SECTION 18 OF THE RIGHT TO INFORMATION ACT, 2005**

**NEXT DATE OF HEARING: 23-03-2020**

To

The Senior Superintendent of Police,
Fazilka.

Whereas Sh. Kawaljeet Singh Grewal, Public Information Officer-Cum- district Social Welfare Officer, Fazilka.has failed to appear before the State Information Commissioner despite the issuance of repeated notices/directions in the above mentioned complaint case. Therefore, you are hereby directed to serve this bailable warrant on Sh. Kawaljeet Singh Grewal, Public Information Officer-Cum- district Social Welfare Officer, Fazilka. to appear before Shri Nidharak Singh Brar, State Information Commissioner, Punjab, Red Cross Bhawan, Madhya Marg, Sector-16, Chandigarh on 23-03-2020 and submit his written submissions in regard to the order dated 30-10-2019 (copy enclosed) alongwith the information to be provided to the Complainant.

Chandigarh, (Nidharak Singh Brar)
Dated: 2-03-2020 State Information Commissioner, Punjab,

Copy: Director, Social Welfare, Punjab, SCO No.102-103, Sector 34, Chandigarh.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮੰਗਲ ਸਿੰਘ ਪੁੱਤਰ ਕਧਾਰਾ ਸਿੰਘ
ਪਿੰਡ ਤੇ ਡਾਕਖਾਨਾ ਭੰਗਾਲਾ ਤਹਿਸੀਲ ਪੱਟੀ, ਜਿਲਾ ਤਰਨਤਾਰਨ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਬਲਾਕ ਡਿਵੈਲਪਮੈਂਟ ਤੇ ਪੰਚਾਇਤ ਅਫਸਰ, ਬਲਾਕ, ਤਰਨਤਾਰਨ।
ਪਹਿਲੀ ਅਪੀਲੀ ਅਥਾਰਟੀ
ਜਿਲਾ ਵਿਕਾਸ ਤੇ ਪੰਚਾਇਤ ਅਫਸਰ, ਤਰਨਤਾਰਨ। -------ਉੱਤਰਦਾਤਾ

**ਅਪੀਲ ਕੇਸ ਨੰ: 2047 ਆਫ 2018**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਜੀਤ ਸਿਘ, ਪੰਚਾਇਤ ਸਕੱਤਰ (7889243674)।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-10-2017 , ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਡਿਵੈਲਪਮੈਂਟ ਤੇ ਪੰਚਾਇਤ ਅਫਸਰ, ਬਲਾਕ, ਤਰਨਤਾਰਨ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਾਬਕਾ ਸਰਪੰਚ ਭੰਗਾਲਾ ਨੱਥਾ ਸਿੰਘ ਦੇ ਸਮੇ ਦੇ ਰਿਕਾਰਡ ਨੂੰ ਵੇਖਣ/ਦਸਤਾਵੇਜ਼ਾਂ ਦੀ ਮੰਗੀ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 29-11-2017 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 03-07-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 09-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 27-01-2020 ਰਾਹੀਂ ਪੱਤਰ ਮਿਤੀ 27-1-2020 ਅਨੁਸਾਰ ਦਸਿਆ ਗਿਆ ਕਿ ਉਹ ਤਾਰੀਖ ਤੇ ਨਹੀਂ ਪਹੁੰਚ ਸਕਦਾ ਅਗਲੀ ਮਿਤੀ ਦਿੱਤੀ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਪੱਤਰ ਨੰ: ਆਰ.ਟੀ.ਆਈ./5259-61 ਮਿਤੀ 7-01-2020 ਡਾਕ ਰਾਹੀਂ ਪ੍ਰਾਪਤ ਹੋਇਆ, ਜਿਸ ਰਾਹੀਂ ਲੋਕ ਸੂਚਨਾ ਅਫਸਰ ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਤਰਨਤਾਰਨ ਵਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਪੱਟੀ ਨੂੰ ਇਸ ਕੇਸ ਦੀ ਪੈਰਵੀ ਕਰਨ ਲਈ ਲਿਖਿਆ ਗਿਆ ਸੀ ।ਅਪੀਲਕਰਤਾ ਵਲੋਂ ਪ੍ਰਾਪਤ ਉਕਤ ਪੱਤਰ ਮਿਤੀ 27-01-2020 ਰਾਹੀਂ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ ਅਤੇ ਦਸਿਆ ਗਿਆ ਕਿ ਪੂਰੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਦਿਤੀ ਗਈ ਸੂਚਨਾ ਅਧੂਰੀ ਹੈ ਕਿਉਂਜੋ ਉਸਨੂੰ ਗਰਾਂਟਾਂ ਦੀ ਕੰਪਿਊਟਰਾਇਜ਼ ਸਟੇਟਮੈਂਟ ਨਹੀਂ ਦਿੱਤੀ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਜੀਤ ਸਿੰਘ, ਪੰਚਾਇਤ ਸਕੱਤਰ ਹਾਜ਼ਰ ਹੋਇਆ। ਉਸ ਵਲ਼ੋ ਦਸਿਆ ਗਿਆ ਕਿ ਪੂਰਵਲੇ ਕਮਿਸ਼ਨਰ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਇਹ ਕੇਸ ਅਪੀਲ ਕੇਸ ਨੰ: 2012 ਆਫ 2018 ਨਾਲ ਕਲੱਬ ਕੀਤਾ ਗਿਆ ਸੀ ਅਤੇ ਦੋਨ੍ਹਾਂ ਕੇਸਾਂ ਵਿਚ ਸਮੂਚੇ ਤੌਰ ਤੇ ਰਿਕਾਰਡ ਦੇ ਕੇ ਮਿਤੀ 17-1-2020 ਨੂੰ ਰਸੀਦ ਪ੍ਰਾਪਤ ਕੀਤੀ ਗਈ ਸੀ ਅਤੇ ਪਿਛਲੀ ਮਿਤੀ 27-1-2020 ਨੂੰ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਗ੍ਰਾਂਟਾ ਸਬੰਧੀ ਕੰਪਿਊਟਰਾਇਜ਼ਡ ਵੇਰਵਾ ਵੀ ਅਪੀਲਕਰਤਾ ਨੂੰ ਰਜੀਸਟਰਡ ਪੋਸਟ ਰਾਹੀਂ ਭੇਜ਼ ਕੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਸੀ ।

4. ਅਪੀਲਕਰਤਾ ਵਲੋਂ ਦਸਿਆ ਗਿਆ ਕਿ ਉਸਨੂੰ ਪੂਰੀ ਸੂਚਨਾ ਪ੍ਰਾਪਤ ਨਹੀਂ ਹੋਈ ਜਿਵੇ ਕਿ ਉਸ ਵਲੋਂ ਦਸਿਆ ਗਿਆ ਸੀ ਕਿ ਗਰਾਂਟਾਂ ਦੀ ਕੰਪਿਊਟਰਾਇਜ਼ਡ ਸੂਚਨਾ ਨਹੀਂ ਦਿੱਤੀ ਗਈ । ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਹਾਜ਼ਰ ਸ੍ਰੀ ਹਰਜੀਤ ਸਿੰਘ, ਪੰਚਾਇਤ ਸਕੱਤਰ ਵਲ਼ੋ ਦਸਿਆ ਗਿਆ ਕਿ ਪੂਰਵਲੇ ਕਮਿਸ਼ਨਰ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਇਹ ਕੇਸ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਅਪੀਲ ਕੇਸ ਨੰ: 2012 ਆਫ 2018 ਨਾਲ ਕਲੱਬ ਕੀਤਾ ਗਿਆ ਸੀ ਅਤੇ ਦੋਨ੍ਹਾਂ ਕੇਸਾਂ ਵਿਚ ਸਮੂਚੇ ਤੌਰ ਤੇ ਰਿਕਾਰਡ ਦੇ ਕੇ ਮਿਤੀ 17-1-2020 ਨੂੰ ਰਸੀਦ ਪ੍ਰਾਪਤ ਕੀਤੀ ਗਈ ਸੀ ਅਤੇ ਪਿਛਲੀ ਮਿਤੀ 27-1-2020 ਨੂੰ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਗ੍ਰਾਂਟਾ ਸਬੰਧੀ ਕੰਪਿਊਟਰਾਇਜ਼ਡ ਵੇਰਵਾ ਵੀ ਅਪੀਲਕਰਤਾ ਨੂੰ ਰਜੀਸਟਰਡ ਪੋਸਟ ਰਾਹੀਂ ਭੇਜ਼ਣ ਲਈ ਚਲਾ ਗਿਆ ਸੀ ਜਿਸ ਕਾਰਨ ਇਸ

ਪਰਤੋ ਜੀ------ਚਲਦਾ ਪੰਨਾ/2



ਕੇਸ ਵਿਚ ਉਸਨੂੰ ਮੁੜ ਬੁਲਾਇਆ ਗਿਆ ਹੈ। ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਤੱਥ ਸਹੀ ਹਨ, ਇਹ ਦੋਵੇ ਅਪੀਲ ਕੇਸ ( ਅਪੀਲ ਕੇਸ ਨੰ: 2012 ਅਤੇ 2047 ਆਫ 2018) ਪੁਰਵਲੇ ਕਮਿਸ਼ਨਰ ਵਲੋਂ ਕਲੱਬ ਕੀਤੇ ਗਏ ਸਨ। ਜਿਸ ਵਿਚ ਉਸ ਵਲੋਂ ਦਸਿਆ ਗਿਆ ਕਿ ਮਿਤੀ 17-01-2020 ਨੂੰ 12 ਵਜੇ ਉਹ ਬਲਾਕ ਦਫਤਰ ਪੱਟੀ ਵਿਖੇ ਹਾਜਰ ਹੋਇਆ ਆ ਕੇ ਕਾਰਵਾਈਆਂ ਚਾਰ ਦੀਆਂ ਫੋਟੋਕਾਪੀਆਂ (150) ਵਸੂਲ ਕੀਤੀਆਂ ਪਰ ਉਸਨੂੰ ਗਰਾਂਟਾਂ ਦੀ ਲਿਸਟ ਕੰਪਿਊਟਰ ਦੀ ਨਹੀਂ ਦਿੱਤੀ ਗਈ। ਪਿਛਲੀ ਮਿਤੀ ਨੂੰ ਉੱਤਰਦਾਤਾ ਗਰਾਂਟਾਂ ਸਬੰਧੀ ਕਪਿਊਟਰਾਇਜਡ ਲਿਸਟ ਅਪੀਲਕਰਤਾ ਨੂੰ ਦੇਣ ਲਈ ਲੈ ਕੇ ਆਇਆ ਪਰ ਅਪੀਲਕਰਤਾ ਹਾਜ਼ਰ ਨਹੀਂ ਹੋਇਆ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਸੀ ਕਿ ਲਿਆਂਦੀ ਗਈ ਗਰਾਂਟਾਂ ਸਬੰਧੀ ਕਪਿਊਟਰਾਇਜਡ ਲਿਸਟ ਅਪੀਲਕਰਤਾ ਨੂੰ ਰਜਿਸਟਰਡ ਪੋਸਟ ਰਾਹੀਂ ਭੇਜਕੇ ਅੱਜ ਹੀ ਪੇਸ਼ ਕਰੇ। ਉੱਤਰਦਾਤਾ ਵਲੋਂ ਪ੍ਰਾਪਤ ਗ੍ਰਾਂਟਾ ਕੰਪਿਊਟਰਾਇਜ਼ਡ ਵੇਰਵਾ ਅਪੀਲਕਰਤਾ ਨੂੰ ਰਜੀਸਟਰਡ ਪੋਸਟ ਰਾਹੀਂ ਭੇਜ਼ ਕੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਸੀ।ਜਿਸ ਕਾਰਨ ਅਪੀਲ ਕੇਸ ਨੰ: 2012 ਆਫ 2018 ਦਾਖਲ ਦਫਤਰ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਇਨ੍ਹਾਂ ਦੋਨਾਂ ਅਪੀਲ ਕੇਸਾਂ ਵਿਚ ਮੁਕੰਮਲ ਅਤੇ ਰਹਿੰਦੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ ਅਤੇ ਕਮਿਸ਼ਨ ਅਪੀਲਕਰਤਾ ਨੂੰ ਦਿੱਤੀ ਗਈ ਜਾਣਕਾਰੀ ਤੋਂ ਸੰਤੁਸ਼ਟ ਹੈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ।ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਮਿਤੀ: ਚੰਡੀਗੜ੍ਹ, 02 ਮਾਰਚ, 2020.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

----ਅਪੀਲਕਰਤਾ

ਬਨਾਮ

ਲੋਕ ਸੂਚਨਾ ਅੱਧਿਕਾਰੀ,

ਪਹਿਲੀ ਅਪੀਲੀ ਅਥਾਰਟੀ,

---------ਉੱਤਰਦਾਤਾ

**ਅਪੀਲ ਕੇਸ ਨੰ: 174 ਆਫ 2020**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ , **ਲੋਕ ਸੂਚਨਾ ਅਧਿਕਾਰੀ,** ਦਫਤਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 23-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 02-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

8.

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ 21 ਮਾਰਚ, 2018

**ਕਾਪੀ:-**

ਡਾਇਰੈਕਟਰ, ਦਿਹਾਤੀ ਵਿਕਾਸ ਤੇ ਪੰਚਾਇਤ, ਪੰਜਾਬ,
ਵਿਕਾਸ ਭਵਨ, ਸੈਕਟਰ 62, ਐਸ.ਏ.ਐਸ. ਨਗਰ (ਮੁਹਾਲੀ),

ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**